# ਪ੍ਰਭੂਸੱਤਾ

# SOVEREIGNTY

# ਅਰਥ (Meaning)

ਪ੍ਰਭੂਸੱਤਾ ਸ਼ਬਦ ਅੰਗਰੇਜੀ ਭਾਸ਼ਾ ਦੇ ਸ਼ਬਦ ‘ਸਾਵਰਨਿਟੀ’ (Sovereignty) ਦਾ ਪੰਜਾਬੀ ਰੂਪ ਹੈ। ਅੰਗਰੇਜੀ ਭਾਸ਼ਾ ਦਾ ਇਹ ਸ਼ਬਦ ਲਾਤੀਨੀ ਭਾਸ਼ਾ ਦੇ ਸ਼ਬਦ ‘ਸੁਪਰੇਨਸ’ (Superarus) ਤੋਂ ਬਣਿਆ ਹੈ ਜਿਸ ਦਾ ਅਰਥ ਹੈ ‘ਸਰਵ ਉੱਚ’ ਇਸ ਤਰਾਂ ਪ੍ਰਭੂਸੱਤਾ ਦਾ ਅਰਥ ਰਾਜ ਦੀ ਉਹ ਵਿਸ਼ੇਸ਼ ਸ਼ਕਤੀ ਹੈ ਜੋ ਬਾਕੀ ਸਭ ਸੰਸਥਾਵਾਂ ਦੀ ਸ਼ਕਤੀ ਤੋਂ ਸਰਵਉੱਚ ਹੁੰਦੀ ਹੈ। ਪ੍ਰਭੂਸੱਤਾ ਕਰਕੇ ਹੀ ਰਾਜ ਦਾ ਰੁਤਬਾ ਬਾਕੀ ਦੀਆਂ ਹੋਰ ਸਾਰੀਆਂ ਸੰਸਥਾਵਾਂ ਤੋਂ ਉੱਪਰ ਹੁੰਦਾ ਹੈ।

# ਪ੍ਰਭੂਸੱਤਾ ਦੇ ਦੋ ਪੱਖ (1)
# (Two Aspects of Sovereignty)

ਅੰਦਰੂਨੀ ਪ੍ਰਭੂਸੱਤਾ
(Internal sovereignty)

- ✓ਰਾਜ
- ✓ਸਮਾਜ
- ✓ਧਰਮ
- ✓ਸੰਪਰਦਾਇ
- ✓ਹਿੱਤ ਸਮੂਹ
- ✓ਪਰਿਵਾਰ
- ✓ਕਬੀਲਾ

# ਪ੍ਰਭੂਸੱਤਾ ਦੇ ਦੋ ਪੱਖ (2)
# (Two Aspects of Sovereignty)

## ਬਾਹਰੀ ਪ੍ਰਭੂਸੱਤਾ
## (External sovereignty)

- ✓ਰਾਜ
- ✓ਦੂਸਰੇ ਰਾਜ
- ✓ਸੰਯੁਕਤ ਰਾਸ਼ਟਰ
- ✓ਰਾਸ਼ਟਰ ਮੰਡਲ
- ✓ਸਾਰਕ
- ✓ਵਿਸ਼ਵ ਵਪਾਰ ਸੰਗਠਨ
- ✓ਵਿਸ਼ਵ ਸਿਹਤ ਸੰਗਠਨ

# ਪਰਿਭਾਸ਼ਾ (Definition)

- "ਪ੍ਰਭੂਸੱਤਾ ਨਾਗਰਿਕਾਂ ਅਤੇ ਪਰਜਾ ਤੇ ਰਾਜ ਕੀ ਉਹ ਸਰਵ ਉੱਚ ਸ਼ਕਤੀ ਹੈ ਜੋ ਕਾਨੂੰਨ ਦੁਆਰਾ ਸੀਮਿਤ ਨਹੀਂ ਹੁੰਦੀ"। – ਜੀਨ ਬੋਦਿਨ (Jean Bodin)
- "ਪ੍ਰਭੂਸੱਤਾ ਰਾਜ ਦਾ ਉਹ ਲੱਛਣ ਹੈ ਜਿਸ ਕਰਕੇ ਇਸ ਤੇ ਆਪਣੀ ਇੱਛਾ ਤੋਂ ਬਿਨਾਂ ਹੋਰ ਕੋਈ ਕਾਨੂੰਨੀ ਬੰਧਨ ਨਹੀਂ ਹੋ ਸਕਦਾ ਅਤੇ ਜਿਸਨੂੰ ਉਸਦੀ ਆਪਣੀ ਸ਼ਕਤੀ ਤੋਂ ਇਲਾਵਾ ਕਿਸੇ ਹੋਰ ਸ਼ਕਤੀ ਵੱਲੋਂ ਸੀਮਿਤ ਨਹੀਂ ਕੀਤਾ ਜਾ ਸਕਦਾ"। – ਜੈਲੀਨੇਕ (Jellineck)

# ਪ੍ਰਭੂਸੱਤਾ ਦੀਆਂ ਵਿਸ਼ੇਸ਼ਤਾਵਾਂ ਜਾਂ ਤੱਤ

# Characteristics of Sovereignty

# 1). ਮੌਲਿਕਤਾ
# (Originality)

ਮੌਲਿਕਤਾ ਤੋਂ ਭਾਵ ਹੈ ਕਿ ਪ੍ਰਭੂਸੱਤਾ ਰਾਜ ਨੂੰ ਕਿਸੇ ਵਿਅਕਤੀ ਜਾਂ ਦੈਵੀ ਸ਼ਕਤੀ ਦੁਆਰਾ ਨਹੀਂ ਦਿੱਤੀ ਗਈ। ਇਹ ਤਾਂ ਮੌਲਿਕ ਰੂਪ ਵਿੱਚ ਹੀ ਰਾਜ ਦੀ ਹੁੰਦੀ ਹੈ, ਕਿਉਂਕਿ ਪ੍ਰਭੂਸੱਤਾ ਸਰਵ ਉੱਚ ਸ਼ਕਤੀ ਹੈ, ਇਸ ਲਈ ਜੇਕਰ ਰਾਜ ਨੂੰ ਕਿਸੇ ਦੁਆਰਾ ਦਿੱਤੀ ਗਈ ਹੋਵੇ, ਫਿਰ ਤਾਂ ਉਹ ਵਿਅਕਤੀ ਜਾਂ ਸੰਸਥਾ ਪ੍ਰਭੂਸੱਤਾ ਸੰਪੰਨ ਰਾਜ ਤੋਂ ਵੀ ਉੱਪਰ ਹੈ ਅਤੇ ਉਹ ਪ੍ਰਭੂਸੱਤਾ ਵਾਪਿਸ ਵੀ ਲੈ ਸਕਦਾ ਹੈ। ਇਸ ਤਰ੍ਹਾਂ ਮੌਲਿਕਤਾ ਪ੍ਰਭੂਸੱਤਾ ਦੀ ਇੱਕ ਵਿਸ਼ੇਸ਼ਤਾ ਹੈ।

# 2). ਨਿਰੰਕੁਸ਼ਤਾ (Absoluteness)

ਨਿਰੰਕੁਸ਼ਤਾ ਤੋਂ ਭਾਵ ਹੈ ਕਿ ਰਾਜ ਦੀ ਸ਼ਕਤੀ ਦੀ ਕੋਈ ਸੀਮਾਂ ਨਹੀਂ ਹੈ। ਰਾਜ ਦੇ ਅੰਦਰ ਜਾਂ ਰਾਜ ਦੇ ਬਾਹਰ ਕੋਈ ਵੀ ਅਜਿਹੀ ਸ਼ਕਤੀ ਨਹੀਂ ਹੈ ਜੋ ਰਾਜ ਤੋਂ ਉਪਰ ਹੈ। ਅੰਦਰੂਨੀ ਨਿਰਣਾ ਨਿਰਮਾਣ ਵਿੱਚ ਅਤੇ ਦੂਸਰੇ ਰਾਜਾਂ ਨਾਲ਼ ਆਪਣੇ ਸੰਬੰਧ ਨਿਰਧਾਰਿਤ ਕਰਨ ਵਿੱਚ ਰਾਜ ਪੂਰੀ ਤਰਾਂ ਸੁਤੰਤਰ ਹੁੰਦਾ ਹੈ। ਪ੍ਰਭੂਸੱਤਾ ਦੀ ਇਸ ਵਿਸ਼ੇਸ਼ਤਾ ਦਾ ਵਰਣਨ ਕਰਦੇ ਹੋਏ ਪ੍ਰੋ: ਗਿਲਕਰਾਈਸਟ (Prof. Gilchrist) ਨੇ ਕਿਹਾ ਹੈ ਕਿ "ਰਾਜ ਦੀ ਪ੍ਰਭੂਸੱਤਾ ਨਿਰੰਕੁਸ਼ ਅਤੇ ਅਸੀਮਿਤ ਹੈ। ਜੇਕਰ ਇਸ ਵਿੱਚ ਅਜਿਹੇ ਤੱਤ ਨਹੀਂ ਹਨ ਤਾਂ ਰਾਜ, ਰਾਜ ਨਹੀਂ ਹੋਵੇਗਾ ਸਗੋਂ ਕਿਸੇ ਦੂਜੇ ਰਾਜ ਦੇ ਅਧੀਨ ਲੋਕਾਂ ਦਾ ਇੱਕ ਸਮੂਹ ਹੋਵੇਗਾ"।

# 3). ਸਰਵ ਵਿਆਪਕਤਾ (Universality)

ਪ੍ਰਭੂਸੱਤਾ ਸਰਵ ਵਿਆਪਕ ਹੁੰਦੀ ਹੈ, ਭਾਵ ਰਾਜ ਦੇ ਅੰਦਰ ਦੇ ਸਭ ਵਿਅਕਤੀ ਅਤੇ ਸੰਸਥਾਵਾਂ ਰਾਜ ਦੇ ਨਿਯੰਤਰਣ ਅਧੀਨ ਹੁੰਦੀਆਂ ਹਨ। ਕੋਈ ਵੀ ਵਿਅਕਤੀ ਜਾਂ ਸੰਸਥਾ ਰਾਜ ਦੀ ਸ਼ਕਤੀ ਤੋਂ ਮੁਕਤ ਹੋਣ ਦਾਅਵਾ ਨਹੀਂ ਕਰ ਸਕਦਾ। ਜੇਕਰ ਕਿਸੇ ਵਿਅਕਤੀ ਜਾਂ ਸੰਸਥਾ ਨੂੰ ਇਸ ਸਬੰਧੀ ਕੋਈ ਛੋਟ ਦਿੱਤੀ ਵੀ ਗਈ ਹੋਵੇ ਤਾਂ ਉਹ ਰਾਜ ਦੀ ਇੱਛਾ ਤੱਕ ਹੀ ਹੁੰਦੀ ਹੈ। ਰਾਜ ਅਜਿਹੀ ਛੋਟ ਨੂੰ ਕਦੇ ਵੀ ਵਾਪਿਸ ਲੈ ਸਕਦਾ ਹੈ।

# 4). ਅਨਿੱਖੜਤਾ (Inalienability)

ਅਨਿੱਖੜਤਾ ਤੋਂ ਭਾਵ ਹੈ ਕਿ ਰਾਜ ਇਸ ਨੂੰ ਆਪਣੇ ਤੋਂ ਵੱਖ ਨਹੀਂ ਕਰ ਸਕਦਾ। ਜੇਕਰ ਕੋਈ ਰਾਜ ਆਪਣੀ ਪ੍ਰਭੂਸੱਤਾ ਨੂੰ ਆਪਣੇ ਆਪ ਤੋਂ ਵੱਖ ਕਰ ਦਿੰਦਾ ਹੈ ਤਾਂ ਉਸ ਤੋਂ ਬਾਅਦ ਉਹ ਰਾਜ ਨਹੀਂ ਰਹੇਗਾ। ਜੇਕਰ ਕੋਈ ਰਾਜ ਆਪਣੇ ਖੇਤਰ ਦਾ ਕੁਝ ਹਿੱਸਾ ਕਿਸੇ ਦੂਸਰੇ ਰਾਜ ਨੂੰ ਦੇ ਦਿੰਦਾ ਹੈ ਤਾਂ ਇਸ ਨਾਲ ਉਸ ਹਿੱਸੇ ਤੇ ਦੂਸਰੇ ਰਾਜ ਦੀ ਪ੍ਰਭੂਸੱਤਾ ਕਾਇਮ ਹੋ ਜਾਵੇਗੀ, ਪਰੰਤੂ ਬਾਕੀ ਬਚਦੇ ਹਿੱਸੇ ਤੇ ਉਸੇ ਰਾਜ ਦੀ ਪ੍ਰਭੂਸੱਤਾ ਬਣੀ ਰਹੇਗੀ। ਜਿਵੇਂ ਇੱਕ ਵਿਅਕਤੀ ਆਪਣੇ ਪ੍ਰਛਾਵੇਂ ਨੂੰ ਆਪਣੇ–ਆਪ ਤੋਂ ਵੱਖ ਨਹੀਂ ਕਰ ਸਕਦਾ ਉਸੇ ਤਰਾਂ ਹੀ ਇੱਕ ਰਾਜ ਵੀ ਆਪਣੀ ਪ੍ਰਭੂਸੱਤਾ ਨੂੰ ਆਪਣੇ ਤੋਂ ਵੱਖ ਨਹੀਂ ਕਰ ਸਕਦਾ।

# 5). ਸਦੀਵਤਾ (Permanence)

ਪ੍ਰਭੂਸੱਤਾ ਸਦੀਵੀ ਹੁੰਦੀ ਹੈ। ਸਰਕਾਰ ਦੇ ਬਦਲਣ ਨਾਲ ਜਾਂ ਰਾਜੇ ਦੀ ਮੌਤ ਨਾਲ ਪ੍ਰਭੂਸੱਤਾ ਖਤਮ ਨਹੀਂ ਹੁੰਦੀ। ਪ੍ਰਭੂਸੱਤਾ ਰਾਜੇ ਨਾਲ ਨਹੀਂ ਸਗੋਂ ਰਾਜ ਨਾਲ ਚੱਲਦੀ ਹੈ। ਜਿਨਾਂ ਚਿਰ ਕਿਸੇ ਰਾਜ ਦੀ ਹੋਂਦ ਰਹਿੰਦੀ ਹੈ ਉੰਨਾਂ ਚਿਰ ਉਸ ਵਿੱਚ ਪ੍ਰਭੂਸੱਤਾ ਦੀ ਹੋਂਦ ਵੀ ਰਹਿੰਦੀ ਹੈ। ਇਸ ਲਈ ਪ੍ਰੋ: ਗਿਲਕ੍ਰਾਈਸਟ ਨੇ ਕਿਹਾ ਹੈ ਕਿ "ਰਾਜ ਦੀ ਪ੍ਰਭੂਸੱਤਾ ਉਸੇ ਤਰ੍ਹਾਂ ਸਦੀਵੀ ਹੈ ਜਿਵੇਂ ਕਿ ਰਾਜ ਆਪ। ਪ੍ਰਭੂਸੱਤਾ ਦੀ ਸਮਾਪਤੀ ਦਾ ਅਰਥ ਰਾਜ ਦਾ ਅੰਤ ਹੈ, ਰਾਜ ਦੀ ਸਮਾਪਤੀ ਦਾ ਅਰਥ ਪ੍ਰਭੂਸੱਤਾ ਦਾ ਅੰਤ ਹੈ"।

# 6). ਅਖੰਡਤਾ
# (Indivisibility)

ਪ੍ਰਭੂਸੱਤਾ ਅਖੰਡ ਹੁੰਦੀ ਹੈ, ਭਾਵ ਇਸ ਨੂੰ ਵੰਡਿਆ ਨਹੀਂ ਜਾ ਸਕਦਾ। ਜੇਕਰ ਪ੍ਰਭੂਸੱਤਾ ਵੰਡੀ ਜਾਂਦੀ ਹੈ ਤਾਂ ਰਾਜ ਵੀ ਵੰਡਿਆ ਜਾਂਦਾ ਹੈ। ਇੱਕ ਰਾਜ ਵਿੱਚ ਪ੍ਰਭੂਸੱਤਾ ਇੱਕ ਹੀ ਰਹਿੰਦੀ ਹੈ। ਰਾਜ ਦੀ ਵੰਡ ਪ੍ਰਭੂਸੱਤਾ ਦੀ ਵੰਡ ਹੁੰਦੀ ਹੈ ਅਤੇ ਪ੍ਰਭੂਸੱਤਾ ਦੀ ਵੰਡ ਰਾਜ ਦੀ ਵੰਡ ਹੁੰਦੀ ਹੈ। ਰਾਜ ਦੀਆਂ ਸ਼ਕਤੀਆਂ ਤਾਂ ਵੱਖੋ-ਵੱਖ ਅੰਗਾਂ ਵਿਚ ਵੰਡੀਆਂ ਜਾ ਸਕਦੀਆਂ ਹਨ ਪ੍ਰੰਤੂ ਇਸ ਨੂੰ ਪ੍ਰਭੂਸੱਤਾ ਦੀ ਵੰਡ ਨਹੀਂ ਕਿਹਾ ਜਾ ਸਕਦਾ।

# 7). ਨਿਵੇਕਲਾਪਨ ਜਾਂ ਇਕਾਂਤਰਤਾ (Exclusiveness)

ਨਿਵੇਕਲਾਪਨ ਤੋਂ ਭਾਵ ਹੈ ਕਿ ਪ੍ਰਭੂਸੱਤਾ ਕੇਵਲ ਰਾਜ ਕੋਲ਼ ਹੀ ਹੁੰਦੀ ਹੈ ਰਾਜ ਵਿੱਚ ਹੋਰ ਕਿਸੇ ਵੀ ਸੰਸਥਾ ਕੋਲ ਪ੍ਰਭੂਸੱਤਾ ਨਹੀਂ ਹੋ ਸਕਦੀ। ਪ੍ਰਭੂਸੱਤਾ ਰਾਜ ਦਾ ਏਕਾ ਅਧਿਕਾਰ ਹੈ। ਜਿਵੇਂ ਇੱਕ ਮਿਆਨ ਵਿੱਚ ਦੋ ਤਲਵਾਰਾਂ ਨਹੀਂ ਹੋ ਸਕਦੀਆਂ ਉਸੇ ਤਰ੍ਹਾਂ ਰਾਜ ਵਿੱਚ ਰਾਜ ਤੋਂ ਬਿਨਾਂ ਕਿਸੇ ਵੀ ਸੰਸਥਾ ਕੋਲ਼ ਪ੍ਰਭੂਸੱਤਾ ਨਹੀਂ ਹੋ ਸਕਦੀ। ਕਿਸੇ ਅੰਤਰਰਾਸ਼ਟਰੀ ਸੰਗਠਨ ਕੋਲ਼ ਵੀ ਪ੍ਰਭੂਸੱਤਾ ਨਹੀਂ ਹੋ ਸਕਦੀ। ਜੇਕਰ ਕੋਈ ਅੰਤਰਰਾਸ਼ਟਰੀ ਸੰਗਠਨ ਪ੍ਰਭੂਸੱਤਾਪੂਰਨ ਬਣ ਜਾਂਦਾ ਹੈ ਤਾਂ ਉਸਦੇ ਮੈਂਬਰ ਰਾਜਾਂ ਦੀ ਪ੍ਰਭੂਸੱਤਾ ਦਾ ਅੰਤ ਹੋ ਜਾਵੇਗਾ ਅਤੇ ਉਹ ਰਾਜ ਕਹਿਲਾਉਣ ਦੇ ਯੋਗ ਨਹੀਂ ਰਹਿਣਗੇ।

# 8). ਅਵਿਨਾਸ਼ਤਾ (Imprescriptibility)

ਅਵਿਨਾਸ਼ਤਾ ਤੋਂ ਭਾਵ ਹੈ ਕਿ ਜੇਕਰ ਰਾਜ ਦੁਆਰਾ ਆਪਣੇ ਕਿਸੇ ਹਿੱਸੇ ਤੇ ਕੁਝ ਸਮੇਂ ਲਈ ਪ੍ਰਭੂਸੱਤਾ ਦੀ ਵਰਤੋਂ ਨਹੀਂ ਕੀਤੀ ਗਈ ਤਾਂ ਵੀ ਪ੍ਰਭੂਸੱਤਾ ਉਥੋ ਖਤਮ ਨਹੀਂ ਹੁੰਦੀ। ਇਹ ਉਨਾਂ ਚਿਰ ਕਾਇਮ ਰਹਿੰਦੀ ਹੈ ਜਿਨਾਂ ਚਿਰ ਉਹ ਭਾਗ ਟੁੱਟ ਕੇ ਕਿਸੇ ਹੋਰ ਰਾਜ ਦਾ ਭਾਗ ਨਾ ਬਣ ਜਾਵੇ।

# ਸਿੱਟਾ (Conclusion)

ਪ੍ਰਭੂਸੱਤਾ ਰਾਜ ਦੀ ਉਹ ਸਰਵ ਉੱਚ ਸ਼ਕਤੀ ਹੈ ਜੋ ਰਾਜ ਤੋਂ ਬਿਨਾਂ ਕਿਸੇ ਹੋਰ ਸੰਸਥਾ ਕੋਲ ਨਹੀਂ ਹੋ ਸਕਦੀ ਤੇ ਪ੍ਰਭੂਸੱਤਾ ਤੋਂ ਬਿਨਾਂ ਕਿਸੇ ਰਾਜ ਦੀ ਹੋਂਦ ਨਹੀਂ ਹੋ ਸਕਦੀ। ਭਾਵੇਂ ਪ੍ਰਭੂਸੱਤਾ ਦੇ ਸਿਧਾਂਤ ਅਤੇ ਇਸ ਦੀ ਵਿਸ਼ੇਸ਼ਤਾਵਾਂ ਦੀ ਆਲੋਚਨਾਂ ਕਈ ਤਰਾਂ ਦੀਆਂ ਉਦਾਹਰਨਾਂ ਦੇ ਕੇ ਕੀਤੀ ਜਾਂਦੀ ਹੈ ਕਿ ਪ੍ਰਭੂਸੱਤਾ ਵੰਡੀ ਜਾ ਸਕਦੀ ਹੈ, ਪ੍ਰਭੂਸੱਤਾ ਨਿਰੰਕੁਸ਼ ਨਹੀਂ ਹੈ ਜਾਂ ਪ੍ਰਭੂਸੱਤਾ ਸਰਵ ਵਿਆਪਕ ਨਹੀਂ ਹੈ ਆਦਿ। ਪਰੰਤੂ ਇਹ ਸਾਰੀਆਂ ਆਲੋਚਨਾਵਾਂ ਪ੍ਰਭੂਸੱਤਾ ਨੂੰ ਸ਼ਕਤੀ ਸਮਝ ਕੇ ਕੀਤੀਆਂ ਜਾਂਦੀਆਂ ਹਨ। ਪ੍ਰਭੂਸੱਤਾ ਸ਼ਕਤੀ ਨਹੀਂ ਹੈ। ਇਹ ਸਰਵ ਉੱਚ ਸ਼ਕਤੀ ਹੈ ਤੇ ਸਰਵ ਉੱਚ ਇੱਕ ਹੀ ਹੋ ਸਕਦਾ ਹੈ ਇੱਕ ਤੋਂ ਜ਼ਿਆਦਾ ਨਹੀਂ। ਸੰਯੁਕਤ ਰਾਸ਼ਟਰ ਵਰਗੀਆਂ ਵਿਸ਼ਵ ਪੱਧਰੀ ਸੰਸਥਾਵਾਂ ਵੀ ਆਪਣੇ ਚਾਰਟਰ ਵਿੱਚ ਮੰਨਦੀਆਂ ਹਨ ਕਿ ਇਹ ਇੱਕ ਪ੍ਰਭੂਸੱਤਾ ਸੰਪੰਨ ਰਾਜਾਂ ਦਾ ਸੰਗਠਨ ਹੈ।




ਪ੍ਰੋ. ਜੋਗਿੰਦਰ ਸਿੰਘ ਖਟੜਾ

ਰਾਜਨੀਤੀ ਸ਼ਾਸਤਰ ਵਿਭਾਗ

ਅਕਾਲ ਡਿਗਰੀ ਕਾਲਜ ਮਸਤੂਆਣਾ